State Council of Educational Research & Training, Punjab
Block-E, 6th Floor, Punjab School Education Board Complex
Phase 8, Sector 62, Mohali,160062 Punjab
Phone: 0172-2212221, Website:www.scertpunjab.ac.in

ਵੱਲ

ਸਮੂਹ ਸਕੂਲ ਮੁੱਖੀ
ਮਿਡਲ /ਹਾਈ/ਸੀਨੀਅਰ ਸੈਕੰਡਰੀ
ਪੰਜਾਬ।

ਮੀਮੋ ਨੰ: ਐਸ.ਸੀ.ਈ.ਆਰ.ਟੀ/ਸਮੱਗਰਾ/2021/22332-22351
ਮਿਤੀ: 21.01.2021

ਵਿਸ਼ਾ:-ਸੈਸ਼ਨ 2020-21 ਦੀਆਂ ਸਲਾਨਾ ਪ੍ਰੀਖਿਆਵਾਂ ਦੌਰਾਨ Non Board Classes 6ਵੀਂ, 7ਵੀਂ, 9ਵੀਂ ਅਤੇ 11ਵੀਂ ਦੇ ਅੰਗਰੇਜ਼ੀ ਵਿਸ਼ੇ ਦੇ ਪ੍ਰੈਕਟੀਕਲ ਅਤੇ 6ਵੀਂ ਤੋਂ 8ਵੀਂ ਜਮਾਤ ਦੀ ਸੀ.ਸੀ.ਈ. ਸਬੰਧੀ ਹਦਾਇਤਾਂ।

1. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।
2. ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਸੈਸ਼ਨ 2020-21 ਦੀਆਂ ਸਲਾਨਾ ਪ੍ਰੀਖਿਆਵਾਂ ਦੌਰਾਨ ਦੌਰਾਨ ਜਮਾਤ 6ਵੀਂ, 7ਵੀਂ, 9ਵੀਂ ਅਤੇ 11ਵੀਂ ਦਾ ਅੰਗਰੇਜ਼ੀ ਵਿਸ਼ੇ ਦੇ ਪ੍ਰੈਕਟੀਕਲ ਅਤੇ 6ਵੀਂ ਤੋਂ 8ਵੀਂ ਜਮਾਤ ਦਾ ਸੀ.ਸੀ.ਈ. ਦਾ ਮੁਲਾਂਕਣ ਕੀਤਾ ਜਾਂਦਾ ਹੈ। ਇਸ ਸਬੰਧੀ ਜ਼ਰੂਰੀ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ:-

- CCE: ਛੇਵੀਂ ਤੋਂ ਅੱਠਵੀਂ ਜਮਾਤਾਂ ਲਈ 10 ਅੰਕ CCE ਨੂੰ ਦਿੱਤੇ ਗਏ ਹਨ। ਇਹ 10 ਅੰਕ **EBC Activities/ Notebook/Assignments/TV lessons/Participation in Online Tests** ਦੇ ਅਧਾਰ ਤੇ ਅਧਿਆਪਕ ਦੁਆਰਾ ਦਿੱਤੇ ਜਾਣ।
- ਅੰਗਰੇਜ਼ੀ ਵਿਸ਼ੇ ਦਾ ਪ੍ਰੈਕਟੀਕਲ Internal ਹੋਵੇਗਾ ਅਤੇ ਸਕੂਲਾਂ ਵਿੱਚ ਅੰਗਰੇਜ਼ੀ ਵਿਸ਼ਾ ਪੜ੍ਹਾ ਰਹੇ ਅਧਿਆਪਕਾਂ ਦੁਆਰਾ ਜਮਾਤ 6ਵੀਂ, 7ਵੀਂ, 9ਵੀਂ ਅਤੇ 11ਵੀਂ ਲਈ ਮਿਤੀ 22.02.21 ਤੋਂ 27.02.21 ਤੱਕ ਆਪਣੇ ਪੱਧਰ ਤੇ ਲਿਆ ਜਾਵੇਗਾ। ਇਸ ਪ੍ਰੈਕਟੀਕਲ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਇਸ ਦੀ ਮੋਨੀਟਰਿੰਗ ਅੰਗਰੇਜ਼ੀ/ਸਮਾਜਿਕ ਵਿਗਿਆਨ ਦੇ ਡੀ.ਐਮ/ਬੀ.ਐਮ. (6ਵੀਂ ਤੋਂ 10ਵੀਂ) ਅਤੇ ਅੰਗਰੇਜ਼ੀ ਵਿਸ਼ੇ ਦੇ ਡੀ.ਆਰ.ਪੀਜ਼ (11ਵੀਂ ਅਤੇ 12ਵੀਂ) ਦੁਆਰਾ ਕੀਤੀ ਜਾਵੇਗੀ।
- ਪ੍ਰੈਕਟੀਕਲ ਨਾਲ ਸਬੰਧਤ ਸਾਰਾ ਮਟੀਰੀਅਲ (Speaking Test ਲਈ Question bank/Speaking Activities, Listening Sheets ਅਤੇ Audios Clips) ssapunjab.org ਦੀ ਵੈਬਸਾਈਟ ਤੇ ਉਪਲਬਧ ਹੈ।
- **ਛੇਵੀਂ ਅਤੇ ਸੱਤਵੀਂ ਜਮਾਤ** ਦਾ ਅੰਗਰੇਜ਼ੀ ਵਿਸ਼ੇ ਦਾ ਪ੍ਰੈਕਟੀਕਲ 10 ਅੰਕਾਂ ਦਾ ਹੋਵੇਗਾ।

➢ **Listening Test** 6 ਅੰਕਾਂ ਦਾ ਹੋਵੇਗਾ। Listening Test ਲਈ ਵਿਦਿਆਰਥੀਆਂ ਨੂੰ 10 ਪ੍ਰਸ਼ਨਾਂ ਦੀ ਇੱਕ Listening Practice Sheet ਮੁਹੱਈਆ ਕਰਵਾਈ ਜਾਵੇ ਅਤੇ ਇਸ ਨਾਲ ਸਬੰਧਤ Audio Clip ਅਧਿਆਪਕ ਦੁਆਰਾ ਵਿਦਿਆਰਥੀਆਂ ਨੂੰ ਸੁਣਾਈ ਜਾਵੇ। ਵਿਦਿਆਰਥੀ ਇਸ Audio Clip ਨੂੰ ਸੁਣਨ ਦੌਰਾਨ ਪੁੱਛੇ ਗਏ 10 ਪ੍ਰਸ਼ਨਾਂ ਵਿੱਚੋਂ ਕੋਈ 6 ਪ੍ਰਸ਼ਨਾਂ ਦੇ ਸਹੀ ਜਵਾਬ ਦੇਣਗੇ। ਹਰ ਸਹੀ ਜਵਾਬ ਦਾ ਇੱਕ ਅੰਕ ਹੋਵੇਗਾ।

➢ **Speaking Test** 4 ਅੰਕਾਂ ਦਾ ਹੋਵੇਗਾ। ਵਿਦਿਆਰਥੀਆਂ ਨੂੰ Practice Sheet ਵਿੱਚੋਂ Picture ਨੂੰ ਦੇਖ ਕੇ ਘੱਟੋ-ਘੱਟ 4 sentences ਬੋਲਣ ਨੂੰ ਕਿਹਾ ਜਾਵੇਗਾ ਜਾਂ Sheets ਵਿੱਚ ਦਿੱਤੇ ਗਏ 5 ਪ੍ਰਸ਼ਨਾਂ ਵਿੱਚੋਂ 4 ਸਹੀ ਉੱਤਰ ਦੇਣ ਨੂੰ ਕਿਹਾ ਜਾਵੇਗਾ।

- **ਨੌਵੀਂ ਜਮਾਤ** ਦਾ ਅੰਗਰੇਜ਼ੀ ਵਿਸ਼ੇ ਦਾ ਪ੍ਰੈਕਟੀਕਲ 20 ਅੰਕਾਂ ਦਾ ਹੋਵੇਗਾ।

➢ **Listening Test** 10 ਅੰਕਾਂ ਦਾ ਹੋਵੇਗਾ। Listening Test ਲਈ ਵਿਦਿਆਰਥੀਆਂ ਨੂੰ 10 ਪ੍ਰਸ਼ਨਾਂ ਦੀ ਇੱਕ Listening Practice Sheet ਮੁਹੱਈਆ ਕਰਵਾਈ ਜਾਵੇ ਅਤੇ ਇਸ ਨਾਲ ਸਬੰਧਤ Audio Clip ਅਧਿਆਪਕ ਦੁਆਰਾ ਵਿਦਿਆਰਥੀਆਂ ਨੂੰ ਸੁਣਾਈ ਜਾਵੇ। ਵਿਦਿਆਰਥੀ ਇਸ Audio Clip ਨੂੰ ਸੁਣਨ ਦੌਰਾਨ ਪੁੱਛੇ ਗਏ 10 ਪ੍ਰਸ਼ਨਾਂ ਦੇ ਸਹੀ ਜਵਾਬ ਦੇਣਗੇ। ਹਰ ਸਹੀ ਜਵਾਬ ਦਾ ਇੱਕ ਅੰਕ ਹੋਵੇਗਾ।

➢ **Speaking Test** 8 ਅੰਕਾਂ ਦਾ ਹੋਵੇਗਾ। ਵਿਦਿਆਰਥੀਆਂ ਨੂੰ Practice Sheet ਵਿੱਚੋਂ Picture ਨੂੰ ਦੇਖ ਕੇ ਘੱਟੋ-ਘੱਟ 4 sentences ਬੋਲਣ ਨੂੰ ਕਿਹਾ ਜਾਵੇ ਅਤੇ Sheets ਵਿੱਚ ਦਿੱਤੇ ਗਏ 5 ਪ੍ਰਸ਼ਨਾਂ ਵਿੱਚੋਂ 4 ਸਹੀ ਉੱਤਰ ਦੇਣ ਨੂੰ ਕਿਹਾ ਜਾਵੇ।

Scanned with CamScan

Scanned by CamScanner

➢ **Book Bank :** ਦੋ ਅੰਕ ਬੁੱਕ ਬੈਂਕ (ਵਿਦਿਆਰਥੀਆਂ ਵੱਲੋਂ ਪੁਰਾਣੀਆਂ ਕਿਤਾਬਾਂ ਸਕੂਲ ਨੂੰ ਵਾਪਿਸ ਕੀਤੀਆਂ ਗਈਆਂ) ਦੇ ਦਿੱਤੇ ਜਾਣਗੇ।

- **ਗਿਆਰਵੀਂ ਜਮਾਤ** ਦਾ ਅੰਗਰੇਜ਼ੀ ਵਿਸ਼ੇ ਦਾ ਪ੍ਰੈਕਟੀਕਲ 20 ਅੰਕਾਂ ਦਾ ਹੋਵੇਗਾ।

➢ **Listening Test** 10 ਅੰਕਾਂ ਦਾ ਹੋਵੇਗਾ। Listening Test ਲਈ ਵਿਦਿਆਰਥੀਆਂ ਨੂੰ 10 ਪ੍ਰਸ਼ਨਾਂ ਦੀ ਇੱਕ Listening Practice Sheet ਮੁਹੱਈਆ ਕਰਵਾਈ ਜਾਵੇਗੀ ਅਤੇ ਇਸ ਨਾਲ ਸਬੰਧਤ Audio Clip ਅਧਿਆਪਕ ਦੁਆਰਾ ਵਿਦਿਆਰਥੀਆਂ ਨੂੰ ਸੁਣਾਈ ਜਾਵੇਗੀ। ਵਿਦਿਆਰਥੀ ਇਸ Audio Clip ਨੂੰ ਸੁਣਨ ਦੌਰਾਨ ਪੁੱਛੇ ਗਏ 10 ਪ੍ਰਸ਼ਨਾਂ ਦੇ ਸਹੀ ਜਵਾਬ ਦੇਣਗੇ । ਹਰ ਸਹੀ ਜਵਾਬ ਦਾ ਇੱਕ ਅੰਕ ਹੋਵੇਗਾ।

➢ **Speaking Test** 8 ਅੰਕਾਂ ਦਾ ਹੋਵੇਗਾ। ਮੁਹੱਈਆਂ ਕਰਵਾਈਆਂ ਗਈਆਂ Speaking activities ਵਿੱਚੋਂ ਕੋਈ ਦੋ activities ਅਧਿਆਪਕ ਦੁਆਰਾ ਵਿਦਿਆਰਥੀਆਂ ਨੂੰ ਬੋਲਣ ਲਈ ਦਿੱਤੀਆਂ ਜਾਣਗੀਆਂ।

➢ **Book Bank :** ਦੋ ਅੰਕ ਬੁੱਕ ਬੈਂਕ (ਵਿਦਿਆਰਥੀਆਂ ਵੱਲੋਂ ਪੁਰਾਣੀਆਂ ਕਿਤਾਬਾਂ ਸਕੂਲ ਨੂੰ ਵਾਪਿਸ ਕੀਤੀਆਂ ਗਈਆਂ) ਦੇ ਦਿੱਤੇ ਜਾਣਗੇ।

ਹ: 21/1/21
ਡਾਇਰੈਕਟਰ
ਐਸ.ਸੀ.ਈ.ਆਰ.ਟੀ, ਪੰਜਾਬ
21/1/2021

ਜ਼ਿਲ੍ਹਾ ਸਿਖਿਆ ਅਫਸਰ, ਜਲੰਧਰ
ਡਿਸ ਅੰਕਣ ਨੰ. 21-21 2021 27878
ਮਿਤੀ ਜਲੰਧਰ 27-1-2021

ਜ਼ਿਲ੍ਹਾ ਸਿਖਿਆ ਅਫਸਰ (ਸਸ)
ਜਲੰਧਰ

Scanned with CamScanner

Scanned by CamScanner